# ਸਬਮੇਟਿਵ -2

# ਪੰਜਾਬੀ

# ਜਮਾਤ : ਦਸਵੀਂ

ਕੁੱਲ ਸਮਾਂ : ੨:੩੦ ਘੰਟੇ ਕੁੱਲ ਅੰਕ : **80**

ਪਾਠ ਪੁਸਤਕਾਂ- ਸਾਹਿਤ ਦੀਪਿਕਾ, ਸਾਹਿਤਕ ਵੰਨਗੀਆਂ ।

| | | |
|---|---|---|
| (ੳ) ਗਿਆਨ ਅਤੇ ਵਿਚਾਰ । | **2X5=10** | **ਬਹੁ-ਵਿਕਲਪੀ ਪ੍ਰਸ਼ਨ ।** |
| (ਅ) ਵਿਆਕਰਨ । | **5X4=20** | ਬਹੁ-ਵਿਕਲਪੀ ਪ੍ਰਸ਼ਨ । |
| (ੲ) ਪਾਠ-ਪੁਸਤਕਾਂ । | 20+10+10=40 | ਛੋਟੇ ਉੱਤਰਾਂ ਵਾਲੇ ਪ੍ਰਸ਼ਨ, ਲੰਮੇ ਉੱਤਰਾਂ ਵਾਲੇ ਪ੍ਰਸ਼ਨ, ਬਹੁ ਵਿਕਲਪੀ ਪ੍ਰਸ਼ਨ । |
| (ਸ) ਲਿਖਤੀ । | 5+5=10 | ਲੰਮੇ ਉੱਤਰਾਂ ਵਾਲੇ ਪ੍ਰਸ਼ਨ । |

## (ੳ) 1. ਗਿਆਨ ਅਤੇ ਵਿਚਾਰ (ਅਣਡਿੱਠਾ ਪੈਰਾ)- **2X5=10**

ਗੁਰੁ ਨਾਨਕ ਦਾ ਉਪਦੇਸ਼ ਸਰਬ ਸੰਸਾਰ ਲਈ ਸਾਂਝਾ ਅਤੇ ਹਰ ਪ੍ਰਾਣੀ ਮਾਤਰ ਲਈ ਕਲਿਆਣਕਾਰੀ ਹੈ । ਉਹਨਾਂ ਦਾ ਸੁਨੇਹਾ ਹਰ ਇਨਸਾਨ ਅਤੇ ਸਮੁੱਚੇ ਤੌਰ ਤੇ ਇਨਸਾਨੀ ਆਤਮਾ ਨੂੰ ਉੱਨਤ ਕਰਨ ਦਾ ਹੈ ਤੇ ਨਾਮ, ਦਾਨ, ਇਸ਼ਨਾਨ ਇਸ ਦਾ ਸਾਧਨ ਦੱਸਿਆ ਹੈ ।ਈਸ਼ਵਰ ਸਿਮਰਨ ਮਨ ਦੀ ਮੈਲ ਕੱਟਦਾ ਹੈ ਅਤੇ ਆਤਮਾ ਆਪਣੇ ਸ਼ੁੱਧ ਰੂਪ ਵਿੱਚ ਵਿਦਮਾਨ ਹੁੰਦੀ ਹੈ ।ਗੁਰੂ ਜੀ ਦਾ ਦੂਸਰਾ ਉਪਦੇਸ਼ ਇਹ ਹੈ ਕਿ ਸੰਸਾਰ ਅਤੇ ਸਮਾਜ ਨਾਲੋਂ ਕੱਟ ਕੇ ਕਿਸੇ ਵੀ ਵਿਆਕਤੀਗਤ ਆਤਮਾ ਦਾ ਵਿਕਾਸ ਤੇ ਉੱਨਤੀ ਅਸੰਭਵ ਹੈ ਕਿਉਂਕਿ ਪ੍ਰੇਮ ਅਤੇ ਸੇਵਾ ਬਿਨਾਂ ਨਾਮ ਸਿਮਰਨ ਦੀ ਕਮਾਈ ਸਫਲ ਨਹੀਂ ਹੁੰਦੀ ਇਸ ਲਈ ਗੁਰੁ ਨਾਨਕ ਦੀ ਸਿੱਖੀ ਕਿਰਤੀ ਅਤੇ ਵੰਡ ਛਕਣ ਵਾਲਿਆਂ ਦੀ ਸਿੱਖੀ ਹੈ ।ਤੀਸਰਾ ਉਪਦੇਸ਼ ਗੁਰੂ ਸਾਹਿਬ ਦਾ ਇਹ ਹੈ ਕਿ ਇਨਸਾਨ ਖੁਦਗਰਜ਼ੀ ਤੇ ਹਾਉਮੈ ਦੀ ਜਿੱਲ੍ਹਣ ਵਿੱਚੋਂ ਨਿਕਲਕੇ ਪ੍ਰੇਮ ਤੇ ਸੇਵਾ ਦੇ ਸਾਧਨ ਦੁਆਰਾ ਸਾਂਝੀਵਾਲਤਾ ਦੀ ਟੀਸੀ ਉੱਤੇ ਪੁੱਜੇ ਤਾਂ ਜੋ ਵਿਸ਼ਵ ਅਥਵਾ ਸਾਰੀ ਇਨਸਾਨੀਅਤ ਦਾ ਕਲਿਆਣ ਹੋਵੇ ।

੧. ਗੁਰੂ ਜੀ ਨੇ ਆਤਮਾ ਨੂੰ ਉੱਨਤ ਕਰਨ ਲਈ ਕਿਹੜਾ ਸਾਧਨ ਨਹੀਂ ਦੱਸਿਆ ?

(ੳ) ਨਾਮ (ਅ) ਦਾਨ

(ੲ) ਇਸ਼ਨਾਨ (ਸ) ਉਪਰੋਕਤ ਵਿੱਚ ਕੋਈ ਨਹੀਂ

੨. ਆਤਮਾ ਦਾ ਵਿਕਾਸ ਕਦੋਂ ਅਸੰਭਵ ਹੋ ਜਾਂਦਾ ਹੈ ?

(ੳ) ਗੁਰੁ ਦੀ ਸ਼ਰਨ ਆ ਕੇ (ਅ) ਸੰਸਾਰ ਨਾਲੋਂ ਕੱਟ ਕੇ

(ੲ) ਈਸ਼ਵਰ ਸਿਮਰਨ ਨਾਲ (ਸ) ਉਪਰੋਕਤ ਸਾਰੇ

੩. ਸਾਰੀ ਇਨਸਾਨੀਅਤ ਦੇ ਕਲਿਆਣ ਵਿੱਚ ਸਹਾਇਕ ਹੈ...... ?

pdfMachine
A pdf writer that produces quality PDF files with ease!
Produce quality PDF files in seconds and preserve the integrity of your original documents. Compatible across nearly all Windows platforms, if you can print from a windows application you can use pdfMachine.
Get yours now!

(ੳ) ਸਾਂਝੀਵਾਲਤਾ
(ਅ) ਖੁਦਗਰਜ਼ੀ
(ੲ) ਹਾਉਮੈ
(ਸ) ਉਪੇਖਿਆ

੪. ਸਿਮਰਨ ਸਾਰਥਕ ਹੋ ਸਕਦਾ ਹੈ..... ?

(ੳ) ਸੇਵਾ ਨਾਲ
(ਅ) ਪ੍ਰੇਮ ਨਾਲ
(ੲ) ਸਮਾਜ ਤੋਂ ਅਲੱਗ ਹੋ ਕੇ
(ਸ) ਸਤਿਸੰਗ ਨਾਲ

੫. ਗੁਰੂ ਨਾਨਕ ਦੀ ਸਿੱਖੀ ਕਿਸ ਦੀ ਸਿੱਖੀ ਹੈ ?

(ੳ) ਗਰੀਬਾਂ ਦੀ
(ਅ) ਅਮੀਰਾਂ ਦੀ
(ੲ) ਕਿਰਤੀਆਂ ਦੀ
(ਸ) ਉਪਰੋਕਤ ਸਾਰਿਆਂ ਦੀ

**੨.** ਪੰਜਾਬੀ ਸਾਹਿਤ ਦੀ ਸੂਫ਼ੀ ਕਾਵਿ-ਧਾਰਾ ਵਿੱਚ ਬਾਬਾ ਫ਼ਰੀਦ ਸ਼ਕਰਗੰਜ ਪਹਿਲੇ ਪੜਾਅ ਦੇ ਸੂਫ਼ੀ ਕਵੀ ਹਨ, ਜਿਨ੍ਹਾਂ ਨੇ ਸ਼ਰ੍ਹਾ ਦੇ ਆਧਾਰ ਤੇ (ਮੁਰਸ਼ਦ ਦੀ ਥਾਂ) ਅਣਦਿਸਦੇ ਰੱਬ ਦੀ ਪ੍ਰੀਤ ਨੂੰ ਕਾਵਿ-ਬੱਧ ਕੀਤਾ । ਇਹ ਕਾਵਿ-ਧਾਰਾ ਸ਼ਾਹ ਹੁਸੈਨ ਦੁਆਰਾ ਦੂਜੇ ਪੜਾਅ ਤੇ ਪੁੱਜਦੀ ਹੈ, ਜਿਨ੍ਹਾਂ ਨੇ ਅਣਦਿਸਦੇ ਰੱਬ ਦੀ ਥਾਂ ਮੁਰਸ਼ਦ ਨਾਲ ਸੰਬੰਧ ਜੋੜ ਕੇ ਅਧਿਆਤਮਕਤਾ ਨੂੰ ਧਰਤੀ ਦੀ ਛੂਹ ਦਿੱਤੀ ਅਤੇ ਜਿੰਨਾਂ ਨੇ ਸ਼ਰ੍ਹੇਈ ਨੇਮਾਂ ਤੋਂ ਸੀਮਤ ਜਿਹੀ ਖੁੱਲ੍ਹ ਲਈ, ਪਰ ਹਲੀਮੀ ਦਾ ਪੱਲਾ ਹੱਥੋਂ ਨਹੀਂ ਛੱਡਿਆ ਇਹ ਧਾਰਾ ਸਾਈਂ ਬੁੱਲ੍ਹੇ ਸ਼ਾਹ ਰਾਂਹੀ ਤੀਜੇ ਪੜਾਅ ਜਾਂ ਸਿਖਰਾਂ ਨੂੰ ਛੋਂਹਦੀ ਹੈ, ਜਿਨ੍ਹਾਂ ਨੇ ਸਰ੍ਹਾਂ ਦੇ ਬੰਧਨ ਤੋੜ ਦਿੱਤੇ, ਮੁਰਸ਼ਦ ਹੁਰਾਂ ਨਾਲ ਖੁੱਲ੍ਹ ਲੈਂਦਿਆਂ ਹੋਇਆਂ, ਇਥੋਂ ਤੀਕ ਬਰਾਬਰੀ ਕਰਦਿਆਂ ਹੋਇਆਂ, ਉਹਨਾਂ ਨੂੰ ਤਾਹਨੇ ਮਿਹਨੇ ਵੀ ਮਾਰੇ । ਪੰਜਾਬੀ ਵਿੱਚ ਜੋ ਸਥਾਨ ਗੁਰਮਤਿ ਸਾਹਿਤ ਵਿੱਚ ਗੁਰੂ ਨਾਨਕ ਨੂੰ, ਬੀਰ ਸਾਹਿਤ ਵਿੱਚ ਗੁਰੂ ਗੋਬਿੰਦ ਸਿੰਘ ਨੂੰ ਤੇ ਕਿੱਸਾ ਸਾਹਿਤ ਵਿੱਚ ਵਾਰਿਸ਼ ਸ਼ਾਹ ਨੂੰ ਪ੍ਰਾਪਤ ਹੈ, ਉਹੀ ਮਾਣ ਸੂਫ਼ੀ ਸਾਹਿਤ ਵਿੱਚ ਬੁੱਲ੍ਹੇ ਸ਼ਾਹ ਨੂੰ ਹਾਸਲ ਹੈ । ਆਪ ਨੂੰ ਇਹ ਸਨਮਾਨ ਆਪ ਦੇ ਸਰਬ-ਸਾਂਝੇ ਫਲਸਫੇ ਕਰਕੇ, ਲੋਕ ਕਾਵਿ-ਰੂਪਾਂ, ਲੋਕ ਕਾਵਿ ਚਿੰਨ੍ਹਾਂ, ਲੋਕ ਛੰਦਾਂ, ਸਰੋਦੀ ਅੰਸ਼, ਪੰਜਾਬੀਅਤ ਦੀ ਪਾਣ ਦੇ ਸਦਕਾ ਦਿੱਤਾ ਜਾਂਦੀ ਹੈ । ਇਹਨਾਂ ਕਾਰਨਾਂ ਕਰਕੇ ਤਾਂ ਆਪ ਨੂੰ ਸੂਫੀਆਂ ਦਾ ਸਿਰਤਾਜ ਕਵੀ ਕਹਿ ਕੇ ਯਾਦ ਕੀਤਾ ਜਾਂਦਾ ਹੈ । ਆਪ ਦੀਆਂ ਕਾਫ਼ੀਆ ਹੁਣ ਵੀ ਲੋਕ-ਮੂੰਹਾਂ ਤੇ ਚੜੀਆਂ ਹੋਈਆਂ ਹਨ ਅਤੇ ਸੂਫ਼ੀਆਂ ਦੇ ਤਕੀਆਂ ਤੇ ਨੱਚ-ਨੱਚ ਗਾਈਆਂ ਜਾਂਦੀਆਂ ਹਨ ।

੧. ਪਹਿਲੇ ਪੜਾਅ ਦੇ ਸੂਫੀ ਕਵੀ ਕੌਣ ਹਨ ?

(ੳ) ਬੁੱਲ੍ਹੇ ਸ਼ਾਹ ।
(ਅ) ਬਾਬਾ ਫ਼ਰੀਦ ਸ਼ਕਰਗੰਜ ।
(ੲ) ਸ਼ਾਹ ਹੁਸੈਨ ।
(ਸ) ਉਪਰੋਕਤ ਵਿੱਚ ਕੋਈ ਨਹੀਂ

੨. ਸ਼ਰ੍ਹਾ ਦੇ ਨਿਯਮਾਂ ਦਾ ਪੱਲਾ ਕਿਸ ਨੇ ਹੱਥੋਂ ਨਹੀਂ ਛੱਡਿਆ ?

(ੳ) ਪਹਿਲੇ ਪੜਾਅ ਦੇ ਸੂਫ਼ੀਆਂ ਨੇ ।
(ਅ) ਦੂਜੇ ਪੜਾਅ ਦੇ ਸੂਫ਼ੀਆਂ ਨੇ ।
(ੲ) ਪਹਿਲੇ ਤੇ ਦੂਜੇ ਪੜਾਅ ਦੇ ਸੂਫ਼ੀਆਂ ਨੇ ।
(ਸ) ਤੀਜੇ ਪੜਾਅ ਦੇ ਸੂਫ਼ੀਆਂ ਨੇ ।

੩. ਬੀਰ ਸਾਹਿਤ ਵਿੱਚ ਕਿਸ ਨੂੰ ਪ੍ਰਸਿੱਧੀ ਪ੍ਰਾਪਤ ਹੈ ?

(ੳ) ਗੁਰੂ ਨਾਨਕ ਦੇਵ ਜੀ ਨੂੰ ।
(ਅ) ਬਾਬਾ ਫ਼ਰੀਦ ਜੀ ਨੂੰ ।
(ੲ) ਵਾਰਿਸ ਸ਼ਾਹ ਨੂੰ ।
(ਸ) ਗੁਰੂ ਗੋਬਿੰਦ ਸਿੰਘ ਜੀ ਨੂੰ ।

੪. ਕਿੱਸਾ ਸਾਹਿਤ ਦਾ ਸਭ ਤੋਂ ਪ੍ਰਸਿੱਧ ਕਵੀ ਕੌਣ ਹੈ ?

**pdfMachine**
**A pdf writer that produces quality PDF files with ease!**
Produce quality PDF files in seconds and preserve the integrity of your original documents. Compatible across nearly all Windows platforms, if you can print from a windows application you can use pdfMachine.
Get yours now!

(ੳ) ਦਮੋਦਰ ।

(ਅ) ਹਾਸ਼ਮ ।

(ੲ) ਸ਼ਾਹ ਹੁਸੈਨ ।

(ਸ) ਵਾਰਿਸ ਸ਼ਾਹ ।

੫. ਬੁੱਲ੍ਹੇ ਸ਼ਾਹ ਨੇ ਕੀ ਲਿਖਿਆ ?

(ੳ) ਕਾਫ਼ੀਆਂ ।

(ਅ) ਸ਼ੀਹਰਫ਼ੀਆਂ ।

(ੲ) ਕਿੱਸਾ ।

(ਸ) ਸ਼ਲੋਕ ।

## (ਅ) ਵਿਆਕਰਨ :-

**5X4=20**

੧ ਰਮੇਸ਼ ਦੇ **ਪਾਪਾ** ਨੇ ਉਸਨੂੰ ਪੈਸੇ ਦਿੱਤੇ । 'ਪਾਪਾ' ਸ਼ਬਦ ਦੀ ਸਹੀ ਪਦਵੰਡ ਹੈ-

(ੳ) ਖਾਸ ਨਾਂਵ, ਪੁਲਿੰਗ, ਇੱਕਵਚਨ, ਕਰਤਾ ਕਾਰਕ, ਸੰਬੰਧਕੀ ਰੂਪ ।

(ਅ) ਆਮ ਨਾਂਵ, ਪੁਲਿੰਗ, ਇੱਕਵਚਨ, ਕਰਤਾ ਕਾਰਕ, ਸੰਬੰਧਕੀ ਰੂਪ ।

(ੲ) ਜਾਤੀਵਾਚਕ ਨਾਂਵ, ਪੁਲਿੰਗ, ਇੱਕਵਚਨ, ਕਰਤਾ ਕਾਰਕ, ਸੰਬੰਧਕੀ ਰੂਪ ।

(ਸ) ਖਾਸ ਨਾਂਵ, ਪੁਲਿੰਗ, ਇੱਕਵਚਨ, ਕਰਤਾ ਕਾਰਕ, ਸਾਧਾਰਨ ਰੂਪ ।

੨ **ਭਗਤ ਸਿੰਘ** ਨੇ ਦੇਸ਼ ਲਈ ਕੁਰਬਾਨੀ ਦਿੱਤੀ । 'ਭਗਤ ਸਿੰਘ' ਸ਼ਬਦ ਦੀ ਪਦਵੰਡ ਅਨੁਸਾਰ ਸਹੀ ਨਹੀਂ –

(ੳ) ਖਾਸ ਨਾਂਵ

(ਅ) ਸੰਬੰਧਕੀ ਰੂਪ

(ੲ) 'ਦਿੱਤੀ' ਕਿਰਿਆ ਦਾ ਕਰਤਾ

(ਸ) ਸਾਧਾਰਨ ਕਾਰਕੀ ਰੂਪ ।

੩. ਖਾਲਸਾ **ਫੌਜ਼** ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ।'ਫ਼ੌਜ਼' ਸ਼ਬਦ ਦੀ ਪਦਵੰਡ ਅਨੁਸਾਰ ਸਹੀ ਹੈ –

(ੳ) ਖਾਸ ਨਾਂਵ

(ਅ) ਕਰਮ ਕਾਰਕ

(ੲ) ਇਕੱਠਵਾਚਕ ਨਾਂਵ

(ਸ) ਸਾਧਾਰਨ ਕਾਰਕੀ ਰੂਪ

੪. ਖਾਸ ਨਾਂਵ, ਇੱਕਵਚਨ, ਪੁਲਿੰਗ, ਕਰਤਾ ਕਾਰਕ, ਸੰਬੰਧਕੀ ਰੂਪ । ਹੇਠ ਦਿੱਤਿਆਂ ਵਿਚੋਂ ਕਿਸ ਦੀ ਪਦਵੰਡ ਹੈ ।

(ੳ) ਇਹ **ਕਿਤਾਬ** ਮੇਰੀ ਨਹੀਂ ਹੈ ।

(ਅ) **ਗਨੇਸ਼** ਨੇ ਕੰਪਿਊਟਰ ਖਰੀਦਿਆ ਹੈ ।

(ੲ) ਰਾਜ **ਪਟਿਆਲੇ** ਰਹਿੰਦਾ ਹੈ ।

(ਸ) ਗੋਰਖ ਨਾਥ **ਜੋਗੀਆਂ** ਦਾ ਗੁਰੂ ਹੈ ।

੫. ਮੈਂ ਸਕੂਲ ਨਹੀਂ ਜਾ ਸਕਿਆ ਕਿਉਂਕਿ ਮੈਂ ਬਿਮਾਰ ਸੀ । ਇਸ ਵਾਕ ਦਾ ਸਹੀ ਸਾਧਾਰਨ ਰੂਪ ਹੈ –

(ੳ) ਮੈਂ ਬਿਮਾਰ ਸੀ ਇਸ ਲਈ ਮੈਂ ਸਕੂਲ ਨਹੀਂ ਗਿਆ ।

(ਅ) ਮੈਂ ਬਿਮਾਰ ਸੀ ਅਤੇ ਸਕੂਲ ਨਹੀਂ ਗਿਆ ।

(ੲ) ਮੈਂ ਬਿਮਾਰ ਹੋਣ ਕਰਕੇ ਸਕੂਲ ਨਹੀਂ ਗਿਆ ।

(ਸ) ਮੈਂ ਬਿਮਾਰ ਸੀ ਇਸ ਕਰਕੇ ਮੈਂ ਸਕੂਲ ਨਹੀਂ ਗਿਆ ।

੬ ਉਹ ਕਿੰਨਾ ਅਮੀਰ ਹੈ ! ਦਾ ਸਾਧਾਰਨ ਵਾਕ ਹੈ –

(ੳ) ਉਹ ਜਿਆਦਾ ਅਮੀਰ ਹੈ ।

pdfMachine
A pdf writer that produces quality PDF files with ease!
Produce quality PDF files in seconds and preserve the integrity of your original documents. Compatible across nearly all Windows platforms, if you can print from a windows application you can use pdfMachine.
Get yours now!

(ਅ) ਉਹ ਬੰਦਾ ਬਹੁਤ ਅਮੀਰ ਹੈ ।

(ੲ) ਉਹ ਬਹੁਤ ਅਮੀਰ ਹੈ ।

(ਸ) ਉਹ ਸਭ ਤੋਂ ਜ਼ਿਆਦਾ ਅਮੀਰ ਹੈ ।

੭ ਸੀਰਤ ਮੂਰਖ ਕੁੜੀ ਨਹੀਂ ਹੈ । ਇਸ ਵਾਕ ਦਾ ਹਾਂਵਾਚਕ ਰੂਪ ਹੈ –

(ੳ) ਸੀਰਤ ਮੂਰਖ ਕੁੜੀ ਹੈ ।

(ਅ) ਸੀਰਤ ਸਮਝਦਾਰ ਕੁੜੀ ਹੈ ।

(ੲ) ਸੀਰਤ ਸਮਝਦਾਰ ਕੁੜੀ ਨਹੀਂ ਹੈ ।

(ਸ) ਸੀਰਤ ਮੂਰਖ ਹੀ ਹੈ ।

੮ ਹੇਠ ਲਿਖਿਆਂ ਵਿੱਚੋਂ ਕਿਹੜਾ ਸਯੁੰਕਤ ਵਾਕ ਹੈ ।

(ੳ) ਚੋਰ ਨੇ ਚੋਰੀ ਕੀਤੀ ਸੀ ਅਤੇ ਪੁਲਿਸ ਨੇ ਫੜ ਲਿਆ ।

(ਅ) ਪੁਲਿਓ ਨੇ ਚੋਰ ਨੂੰ ਫੜ ਲਿਆ ਕਿਉਂਕਿ ਉਸ ਨੇ ਚੋਰੀ ਕੀਤੀ ਸੀ ।

(ੲ) ਉਹ ਮਿਹਨਤੀ ਅਤੇ ਗਰੀਬ ਹੈ ।

(ਸ) ਰਮੇਸ਼ ਨੇ ਚੰਡੀਗੜ੍ਹ ਵਿੱਚ ਰੋਜ਼ ਗਾਰਡਨ ਅਤੇ ਝੀਲ ਦੇਖੇ ।

੯ ਜਦੋਂ ਕੋਈ ਚੀਜ਼ ਆਪਣੇ ਕੋਲ ਹੋਣੀ ਪਰ ਇੱਧਰ-ਉੱਧਰ ਲੱਭਦੇ ਫਿਰਨਾ । ਇਸ ਸਥਿਤੀ ਲਈ ਢੁੱਕਵਾਂ ਅਖਾਣ ਹੈ –

(ੳ) ਆਪ ਕੁਚੱਜੀ ਵਿਹੜੇ ਨੂੰ ਦੋਸ਼ ।

(ਅ) ਕੁੱਛੜ ਕੁੜੀ ਤੇ ਸ਼ਹਿਰ ਢੰਢੋਰਾ ।

(ੲ) ਘੜੀ ਦਾ ਖੁੰਝਿਆ ਕੋਹਾਂ ਤੇ ਜਾ ਪੈਂਦੇ ।

(ਸ) ਉਤਾਵਲਾ ਸੋ ਬਾਵਲਾ ।

੧੦ ਹੱਥ ਪੁਰਾਣੇ ਖੋਂਸੜੇ ਬਸੰਤੇ ਹੋਰੀਂ ਆਏ । ਇਸ ਅਖਾਣ ਦਾ ਸਹੀ ਅਰਥ ਹੈ–

(ੳ) ਵੱਡੀਆਂ ਪ੍ਰਾਪਤੀਆਂ ਸਾਹਮਣੇ ਛੋਟੀ ਸਫਲਤਾ ਦਾ ਕੋਈ ਮੁੱਲ ਨਹੀਂ ।

(ਅ) ਬੰਦੇ ਦੀਆਂ ਬੁਰੀਆਂ ਆਦਤਾਂ ਕਦੇ ਨਹੀਂ ਜਾਂਦੀਆਂ ।

(ੲ) ਬੇਅਕਲ ਬੰਦੇ ਆਪਣਾ ਨਫਾ ਨੁਕਸਾਨ ਨਹੀਂ ਦੇਖਦੇ ।

(ਸ) ਨਿਲਾਇਕ ਬੰਦੇ ਕਿਧਰੇ ਵੀ ਸਫਲ ਨਹੀਂ ਹੁੰਦੇ ।

੧੧ ਮਨਜੀਤ ਸਾਰਾ ਸਾਲ ਅਵਾਰਾਗਿਰਦੀ ਕਰਦਾ ਰਿਹਾ, ਹੁਣ ਪੇਪਰ ਸਿਰ ਤੇ ਆ ਗਏ ਹਨ ਤਾਂ ਸਾਰੀ-ਸਾਰੀ ਰਾਤ ਜਾਗ ਕੇ ਪੜ੍ਹਦਾ ਹੈ ।ਉਸ ਦੀ ਤਾਂ ਉਹੀ ਗੱਲ ਹੈ ਕਿ........

(ੳ) ਵਾਦੜੀਆਂ ਸਜਾਦੜੀਆਂ ਨਿੱਭਣ ਸਿਰਾਂ ਦੇ ਨਾਲ ।

(ਅ) ਬੂਹੇ ਆਈ ਜੰਞ ਵਿੰਨ੍ਹੋ ਕੁੜੀ ਦੇ ਕੰਨ ।

(ੲ) ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ।

(ਸ) ਸੋ ਦਿਨ ਚੋਰ ਦੇ ਇੱਕ ਦਿਨ ਸਾਧ ਦਾ ।

੧੨ ਸੱਦੀ ਨਾ ਬੁਲਾਈ ਮੈਂ ਲਾੜੇ ਦੀ –

(ੳ) ਤਾਈ । (ਅ) ਭਰਜਾਈ ।

(ੲ) ਭੂਆ । (ਸ) ਮਾਮੀ ।

੧੩ 'ਅੱਖਾਂ ਵਿੱਚ ਰੜਕਣਾ' ਮੁਹਾਵਰੇ ਦਾ ਅਰਥ ਹੈ –

(ੳ) ਬੁਰਾ ਲੱਗਣਾ । (ਅ) ਅੱਖ ਵਿੱਚ ਕੁਝ ਪੈ ਜਾਣਾ ।

(ੲ) ਅੱਖਾਂ ਦਾ ਖਰਾਬ ਹੋਣਾ । (ਸ) ਭੇਦ-ਭਾਵ ਕਰਨਾ ।

੧੪ ਸੱਪ ਨੂੰ ਦੇਖ ਕੇ ਸਾਡਾ..................।

**pdfMachine**
**A pdf writer that produces quality PDF files with ease!**
Produce quality PDF files in seconds and preserve the integrity of your original documents. Compatible across nearly all Windows platforms, if you can print from a windows application you can use pdfMachine.
Get yours now!

(ੳ) ਤ੍ਰਾਹ ਨਿਕਲ ਜਾਣਾ । (ਅ) ਦਿਨ ਫਿਰਨੇ ।

(ੲ) ਨੱਸ ਭੱਜ ਜਾਣਾ । (ਸ) ਵਾਲ ਵਾਲ ਬਚਣਾ ।

੧੫ ਬਹੁਤ ਥੋੜਾ ਫ਼ਰਕ ਦਰਸਾਉਣ ਲਈ ਸਹੀ ਮੁਹਾਵਰਾ ਹੈ–

(ੳ) ਜ਼ਮੀਨ ਅਸਾਮਨ ਦਾ ਫ਼ਰਕ । (ਅ) ਉੱਨੀ ਇੱਕੀ ਦਾ ਫ਼ਰਕ ।

(ੲ) ਨਹਿਲੇ ਤੇ ਦਹਿਲਾ ਮਾਰਨਾ । (ਸ) ਨੱਕ ਹੇਠਾਂ ਨਾ ਲਿਆਉਣਾ ।

੧੬ 'ਨੱਕ ਵੱਢਣਾ' ਮੁਹਾਵਰੇ ਦਾ ਸਮਾਨਾਰਥੀ ਮੁਹਾਵਰਾ ਹੈ –

(ੳ) ਪੱਗ ਲਾਹੁਣੀ । (ਅ) ਨੱਕ ਮੁੜਨਾ ।

(ੲ) ਬੇੜਾ ਗਰਕ ਹੋਣਾ । (ਸ) ਢੇਰੀ ਢਾਹੁਣੀ ।

੧੭ ਸ਼ੁੱਧ ਸ਼ਬਦ ਚੁਣੋ –

(ੳ) ਅਨਪੜ੍ਹ। (ਅ) ਅਣਪੜ੍ਹ ।

(ੲ) ਅਣਪੜ । (ਸ) ਅਨਪੜ ।

੧੮ ਗਲਤ ਲਿਖਿਆ ਸ਼ਬਦ ਚੁਣੋ–

(ੳ) ਫਿਰਨਾ। (ਅ) ਬਚਾਵ ।

(ੲ) ਜੰਤਰ । (ਸ) ਬਟੂਆ ।

੧੯ ਸਹੀ ਵਾਕ ਚੁਣੋ–

(ੳ) ਗੁਲਾਬ ਦਾ ਫੂਲ ਬਹੁਤ ਸੁਹਣਾ ਹੁੰਦਾ ਹੈ ।

(ਅ) ਗੁਲਾਬ ਦਾ ਫੁੱਲ ਬਹੁਤ ਸੋਹਣਾ ਹੰਦਾ ਹੈ ।

(ੲ) ਗੁਲਾਬ ਦਾ ਫੁੱਲ ਬਹੁਤ ਸੁਹਣਾ ਹੁੰਦਾ ਹੈ ।

(ਸ) ਫੁੱਲ ਗੁਲਾਬ ਦਾ ਸੁਹਣਾ ਹੈ ਬਹੁਤ ।

੨੦ ਸਹੀ ਵਾਕ ਚੁਣੋ–

(ੳ) ਉਹ ਕਾਪੀ ਉੱਤੇ ਪੈੱਨ ਨਾਲ ਲਿਖਦਾ ਹੈ ।

(ਅ) ਰਾਮੂ ਰੋਟੀ ਖਾ ਕੇ ਬਚਿਆ ਕੰਮ ਮੁਕਾਉਣ ਲੱਗਾ ।

(ੲ) ਰਿਤੇਸ਼ ਜਮਾਤ ਵਿੱਚੋਂ ਅਵੱਲ ਆਇਆ ਹੈ ।

(ਸ) ਮੁੰਡੇ ਚੰਗਾ ਗੀਤ ਗਾਉਂਦਾ ਹੈ ।

## (ੲ) ਪਾਠ–ਪੁਸਤਕਾਂ 'ਤੇ ਅਧਾਰਿਤ –

## (੧) ਛੋਟੇ ਉੱਤਰਾਂ ਵਾਲੇ ਪ੍ਰਸ਼ਨ–

**20+10+10=40**

੧ ਸਰਦਾਰ ਉੱਤਮ ਸਿੰਘ ਸੰਧੂ ਨੇ ਚਿੱਠੀ ਵਿੱਚ ਮੈਂ ਪਾਤਰ ਨੂੰ ਕੀ ਕਰਨ ਲਈ ਕਿਹਾ ਸੀ ?

੨ ਗ਼ਸ਼ਤ ਉੱਤੇ ਜਾਣ ਲੱਗਿਆ ਮੁਖਤਿਆਰ ਸਿੰਘ ਨੂੰ ਕਿਹੜੀਆਂ ਦੋ ਗੱਲਾਂ ਦੀ ਚਿੰਤਾ ਹੈ ?

੩ ਭਾਰਤੀਆਂ ਦਾ ਕੈਨੇਡਾ ਪੁੱਜਣ ਤੇ ਰੋਕ ਲਾਉਣ ਲਈ ਉਥੋਂ ਦੀ ਸਰਕਾਰ ਨੇ ਕਿਹੜੀਆਂ ਸ਼ਰਤਾਂ ਲਾਈਆਂ ?

੪ ਗੁਰੂ ਤੇਗ ਬਹਾਦਰ ਜੀ ਨੂੰ ਕਿਉਂ ਸ਼ਹੀਦ ਕੀਤਾ ਗਿਆ ?

੫ ਮੌਤ ਨੂੰ ਸਾਹਮਣੇ ਦੇਖ ਕੇ ਪੰਜਾਬ ਦੇ ਜਵਾਨਾਂ ਦੇ ਮਨਾਂ ਵਿੱਚ ਕਿਹੋ ਜਿਹੀ ਭਾਵਨਾ ਪੈਦਾ ਹੁੰਦੀ ਹੈ ?

੬ ਲੇਖਕ ਭੇਰੇ ਜਾਣ ਲਈ ਕਿਉਂ ਉਤਾਵਲਾ ਸੀ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਦੇ ਆਧਾਰ 'ਤੇ ਦੱਸੋ ।

੭ 'ਅਹਿਦਨਾਮਾ' ਕਵਿਤਾ ਵਿੱਚ ਕਿਸ–ਕਿਸ ਤਰ੍ਹਾਂ ਦੇ ਲੋਕਾਂ ਨੂੰ ਦਸਖ਼ਤ ਕਰਨ ਲਈ ਸੱਦਿਆ ਹੈ ਤੇ ਕਿਉਂ

੮ ਨੌਕਰੀ ਮਿਲਣ 'ਤੇ ਲੇਖਕ ਖ਼ੁਸ਼ ਵੀ ਸੀ ਤੇ ਦੁਖੀ ਵੀ ਕਿਉਂ ?

੯ ਸਤਿਗੁਰ ਰਾਮ ਸਿੰਘ ਨੇ ਇਸਤਰੀਆਂ ਦੀ ਦਸ਼ਾ ਸੁਧਾਰਨ ਵਾਸਤੇ ਕੀ ਕੁਝ ਕੀਤਾ ?

pdfMachine
A pdf writer that produces quality PDF files with ease!
Produce quality PDF files in seconds and preserve the integrity of your original documents. Compatible across nearly all Windows platforms, if you can print from a windows application you can use pdfMachine.
Get yours now!

੧੦ ਕਵੀ ਕਿਹੜੀ ਦੁਚਿਤੀ ਵਿੱਚ ਫਸਿਆ ਹੋਇਆ ਹੈ ? 'ਹਨੇਰਾ ਜਰੇਗਾ ਕਿਵੇਂ" ਕਵਿਤਾ ਦੇ ਆਧਾਰ 'ਤੇ ਦੱਸੋ ।

## (੨) ਲੰਮੇ ਉੱਤਰਾਂ ਵਾਲੇ ਪ੍ਰਸ਼ਨ-

੧ 'ਕੋਊ ਨਾ ਨਿਭਹਿਓ ਸਾਥਿ' ਦਾ ਕੀ ਭਾਵ ਹੈ ? ਇਸ ਇਕਾਂਗੀ ਤੋਂ ਸਾਨੂੰ ਸਾਡੇ ਕਿਸ ਸਮਾਜਕ ਵਰਤਾਰੇ ਬਾਰੇ ਪਤਾ ਲੱਗਦਾ ਹੈ ?

ਜਾਂ

ਦਸੌਂਧਾ ਸਿੰਘ ਦਾ ਪਾਤਰ ਚਿਤਰਨ ਕਰੋ

੨ ਕੂਕਾ ਲਹਿਰ ਧਾਰਮਕ ਲਹਿਰ ਹੀ ਨਹੀਂ, ਸਗੋਂ ਇੱਕ ਸਮਾਜ ਸੁਧਾਰਕ ਅਤੇ ਇਸ ਤੋਂ ਵੀ ਵੱਧ ਰਾਜਨੀਤਿਕ ਜਥੇਬੰਦੀ ਸੀ । ਇਸ ਕਥਨ ਨਾਲ ਤੁਸੀ ਕਿਥੋਂ ਤੱਕ ਸਹਿਮਤ ਹੋ ਪਾਠ ਵਿੱਚੋਂ ਉਦਾਹਰਨਾਂ ਦੇ ਕੇ ਸਪਸ਼ਟ ਕਰੋ ।

ਜਾਂ

ਗੁਰੂ ਤੇਗ ਬਹਾਦਰ ਜੀ ਗੁਰਗੱਦੀ ਦੇ ਮਾਲਕ ਕਿਵੇਂ ਬਣੇ ?

## (੩) ਬਹੁ-ਵਿਕਲਪੀ ਪ੍ਰਸ਼ਨ-

੧. ਇਹ ਕੌਮ ਦੀ ਬਦਕਿਸਮਤੀ ਹੈ ਕਿ ਤੇਰੇ ਜਿਹੇ ਕਾਬਲ ਨੌਜੁਵਾਨ ਨੂੰ, ਕੌਮ ਦੇ ਅਜਿਹੇ ਹੀਰੇ ਨੂੰ,ਡਬਲ ਐੱਮ.ਏ.ਸ਼ਾਇਰ, ਵਿਦਵਾਨ ਅਤੇ ਭਾਸ਼ਣਕਾਰ ਨੂੰ ਮਾਸਟਰੀ ਕਰਨੀ ਪੈ ਰਹੀ ਹੈ ?
ਕਿਸ ਨੂੰ ਮਾਸਟਰੀ ਕਰਨੀ ਪੈ ਰਹੀ ਹੈ ?

(ੳ) ਸ. ਉੱਤਮ ਸਿੰਘ ਸੰਧ (ਅ) ਸ਼ਸ਼ੀ ਨੂੰ
(ੲ) ਇਕਬਾਲ ਨੂੰ (ਸ) ਮੈਂ ਪਾਤਰ ਨੂੰ ।

੨ ਭੋਰਾ ਵੀ ਨ੍ਹੀ ਜੀ । ਮਰਨੈ ਮਾਲਕੋ ਥੋਡੇ ਰਾਜ 'ਚ ਹੇਰਾ ਫੇਰੀ ਕਰਕੇ ।ਨਾਲੇ ਧਰਮਰਾਜ ਨੂੰ ਕੀ ਮੂੰਹ ਵਿਖਾਂਵਾਂਗੇ । ਉਹਨੇ ਤਾਂ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਦੇਣੈ ।

ਕਿਸ ਨੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਦੇਣੈ ?

(ੳ) ਧਰਮਰਾਜ ਨੇ । (ਅ) ਹੋਟਲ ਦੇ ਮਾਲਕ ਨੇ ।
(ੲ) ਹਲਵਾਈ ਨੇ (ਸ) ਮੁਖਤਿਆਰ ਸਿੰਘ ਨੇ ।

੩ ਉਹ ਪਹਿਲਾਂ ਆਪਣੇ ਪਿਤਾ ਜੀ ਨਾਲ ਖੇਤੀ ਕਰਦੇ ਰਹੇ ਤੇ ਬਾਅਦ ਵਿੱਚ ਆਪਣੇ ਵੱਡੇ ਭਰਾ ਕੋਲ ਮਲਾਇਆ ਚਲੇ ਗਏ ।

ਉਪਰੋਕਤ ਕਥਨ ਕਿਸ ਬਾਰੇ ਕਿਹਾ ਗਿਆ ਹੈ ?

(ੳ) ਬਾਬਾ ਗੁਰਦਿਤ ਸਿੰਘ ਬਾਰੇ । (ਅ) ਸੋਹਣ ਸਿੰਘ ਭਕਨਾ ਬਾਰੇ ।
(ੲ) ਕਰਤਾਰ ਸਿੰਘ ਸਰਾਭਾ ਬਾਰੇ । (ਸ) ਸ਼ਹੀਦ ਊਧਮ ਸਿੰਘ ਜੀ ਬਾਰੇ ।

੪ ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਨੌਂਵੇਂ ਗੁਰੂ ਸਨ । ਤਪ, ਤਿਆਗ ਤੇ ਕੁਰਬਾਨੀ ਦੀ ਇਸ ਮੂਰਤ ਦਾ ਜਨਮ ਇੱਕ ਅਪ੍ਰੈਲ ੧੬੨੧ ਨੂੰ ਅੰਮ੍ਰਿਤਸਰ ਵਿਖੇ ਹੋਇਆ । ਆਪ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਸਪੁੱਤਰ ਸਨ ।

ਛੇਵੇਂ ਗੁਰੂ ਅਤੇ ਨੌਂਵੇਂ ਗੁਰੂ ਦਾ ਆਪਸ ਵਿੱਚ ਕੀ ਰਿਸ਼ਤਾ ਸੀ ?

**pdfMachine**
**A pdf writer that produces quality PDF files with ease!**
Produce quality PDF files in seconds and preserve the integrity of your original documents. Compatible across nearly all Windows platforms, if you can print from a windows application you can use pdfMachine.
Get yours now!

(ੳ) ਚਾਚੇ ਭਤੀਜੇ ਦਾ ।
(ਅ) ਬਾਬੇ ਤੇ ਪੋਤਰੇ ਦਾ ।
(ੲ) ਪਿਓ ਤੇ ਪੁੱਤਰ ਦਾ ।
(ਸ) ਉਪਰੋਕਤ ਵਿੱਚੋਂ ਕੋਈ ਨਹੀਂ ।

੫ ਕਿਤਨੀਆਂ ਹੀ ਤਸਵੀਰਾਂ ਕਲਪਨਾ ਦੇ ਪਰਦੇ ਉੱਤੇ ਅਕਸ ਪਾ ਗਈਆਂ- ਕਣਕਾਂ ਦੇ ਹਰੇ ਭਰੇ ਖੇਤ; ਜਿਨ੍ਹਾਂ ਵਿੱਚ ਲੁਕਣਮੀਟੀ ਖੇਡਦੇ ਸਾਂ, ਜਿੰਨ੍ਹਾਂ ਦੇ ਬੂਟੇ ਤੋੜ ਕੇ ਤੂਤਣੀਆਂ ਬਣਾਂਦੇ ਸਾਂ, ਸਿੱਟੇ ਤੋੜ ਕੇ ਸਰਾਰਤ ਨਾਲ ਰਾਹ-ਲੰਘਦਿਆਂ ਦੀਆਂ ਸਲਵਾਰਾਂ ਦੇ ਪੋਹਚਿਆਂ ਵਿੱਚ ਘਸੇੜ ਸਟਦੇ ਸਾਂ ।

ਕਿਸ ਸਥਾਨ ਦੀ ਗੱਲ ਕੀਤੀ ਗਈ ਹੈ ?

(ੳ) ਭੁੱਲੋਵਾਲ ਦੀ ।
(ਅ) ਭੇਰਾ ।
(ੲ) ਲਾਹੌਰ ।
(ਸ) ਰਾਵਲਪਿੰਡੀ ।

੬ ਸ. ਤੇਜਾ ਸਿੰਘ ਬੜੇ ਨੇਕ-ਸੀਰਤ ਅਤੇ ਰਹਿਮ-ਦਿਲ ਇਨਸਾਨ ਸਨ। ਅਰਜ਼ੀ ਦਸਖਤ ਕਰਕੇ ਆਪਣੇ ਪੀ.ਏ. ਨੂਮ ਦੇ ਦਿੱਤੀ । ਉਸੇ ਦਿਨ ਮੈਂ ਦਫ਼ਤਰ ਹਾਜ਼ਰੀ ਭਰ ਦਿੱਤੀ ।

ਸ. ਤੇਜਾ ਸਿੰਘ ਕਿਹੜੇ ਅਹੁਦੇ 'ਤੇ ਸਨ ?

(ੳ) ਮੁੱਖ ਮੰਤਰੀ ।
(ਅ) ਬੈਂਕ ਮੈਨੇਜਰ ।
(ੲ) ਵਿਕਾਸ ਮੰਤਰੀ ।
(ਸ) ਡਿਪਟੀ ਕਮਿਸ਼ਨਰ ।

੭ ਲੋਕ ਆਪਣੇ ਅਮੀਰ ਵਿਰਸੇ, ਸਦਾਚਾਰਕ ਅਤੇ ਧਾਰਮਕ ਕਦਰਾਂ-ਕੀਮਤਾਂ ਤੋਂ ਦੂਰ ਜਾ ਰਹੇ ਸਨ ।ਆਪਣੀ ਮਾਣ-ਮਰਿਆਦਾ ਤੇ ਜੀਵਨ-ਚੱਜ ਪ੍ਰਤੀ ਵੀ ਸੁਹਿਰਦਤਾ ਨਹੀਂ ਸੀ ਰਹੀ ।

'ਸਭਹਨ ਕੇ ਸਿਰਮੌਰ' ਪਾਠ ਅਨੁਸਾਰ ਲੋਕਾਂ ਦੀ ਉਪਰੋਕਤ ਹਾਲਤ ਦਾ ਕਿਹੜਾ ਕਾਰਨ ਨਹੀਂ ਸੀ ?

(ੳ) ਨਾਮ-ਦਾਨ ਇਸ਼ਨਾਨ ਤੋਂ ਦੂਰ ਹੋਣਾ ।
(ਅ) ਰਹਿਤ ਮਰਿਆਦਾ ਦਾ ਭੁੱਲਣਾ ।
(ੲ) ਪੂਜਾ-ਪਾਠ ਤੋਂ ਮੂੰਹ ਮੋੜਨਾ ।
(ਸ) ਅੰਗ੍ਰੇਜ਼ੀ ਸਿੱਖਣਾ ।

੮ ਥਲ ਵਿੱਚ ਸੱਸੀਆਂ ਝੱਲ ਵਿੱਚ ਹੀਰਾਂ

ਸੋਹਣੀਆਂ ਪਈਆਂ ਵਿੱਚ ਦਰਿਆਵਾਂ ।

ਉਪਰੋਕਤ ਸਤਰਾਂ ਕਿਹੜੀ ਕਵਿਤਾ ਵਿੱਚੋਂ ਹਨ ?

(ੳ) ਕਿਥੇ ਗਈਆਂ ਭੈਣਾਂ ।
(ਅ) ਹਨੇਰਾ ਜਰੇਗਾ ਕਿਵੇਂ ।
(ੲ) ਜਵਾਨ ਪੰਜਾਬ ਦੇ ।
(ਸ) ਔਰਤ ਦੀ ਹੱਕ ਤਲਫ਼ੀ ।

੯ ਜਿਸ ਨਾਰੀ ਵਿੱਚ ਮਮਤਾ ਦਾ ਸਤਿਕਾਰ ਨਹੀਂ ਹੈ ।

ਉਸ ਨਾਰੀ ਵਿੱਚ ਕਿਸੇ ਰੂਪ ਵਿੱਚ ਨਾਰ ਨਹੀਂ ਹੈ ।

ਉਪਰੋਕਤ ਸਤਰਾਂ ਕਿਸ ਕਵੀ ਦੁਆਰਾ ਲਿਖੀਆਂ ਗਈਆਂ ਹਨ ?

**pdfMachine**
**A pdf writer that produces quality PDF files with ease!**
Produce quality PDF files in seconds and preserve the integrity of your original documents. Compatible across nearly all Windows platforms, if you can print from a windows application you can use pdfMachine.
Get yours now!

(ੳ) ਪੂਰਨ ਸਿੰਘ । (ਅ) ਸੁਰਜੀਤ ਪਾਤਰ ।

(ੲ) ਅੰਮ੍ਰਿਤਾ ਪ੍ਰੀਤਮ । (ਸ) ਸ਼ਿਵ ਕੁਮਾਰ ਬਟਾਲਵੀ ।

੧੦ ਓੜਕ ਦਾ ਰੂਹ ਜ਼ੋਰ ਆਇਆ ਪੰਜਾਬ ਵਿੱਚ,

ਸਤਿਗੁਰਾਂ ਦੇ ਕਦਮਾਂ ਤੇ ਰਾਹਾਂ ਦੇ ਸਦਕੇ,

ਹੜ ਆਏ ਰੱਬ ਦੇ ਪ੍ਰਕਾਸ਼ ਦੇ,

ਤੇ ਠਿਲ੍ਹਣ ਨਾ ਇਹ ਪੰਜਾਬੀ,

ਇਹ ਵੱਸ ਕਿਸਦੇ ?

ਸਤਿਗੁਰ ਦੇ ਕਦਮਾਂ ਸਦਕੇ ਕੀ ਆਇਆ ?

(ੳ) ਰੱਬੀ ਪ੍ਰਕਾਸ਼ ਦੇ ਹੜ੍ਹ । (ਅ) ਭਗਤੀ ।

(ੲ) ਹੜ੍ਹ । (ਸ) ਸ਼ਕਤੀ ।

## (ਸ) ਲਿਖਤੀ- 

**5+5=10**

੧ ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ 'ਵਿਦਿਆਰਥੀ ਤੇ ਇੰਟਰਨੈਟ' ਵਿਸ਼ੇ 'ਤੇ ਲੇਖ ਲਿਖੋ ।

ਨੁਕਤੇ-

- ਵਿਦਿਆਰਥੀ ਕੀ ਹੈ ? * ਇੰਟਰਨੈੱਟ ਕੀ ਹੈ ?
- ਇੰਟਰਨੈੱਟ ਦੇ ਫ਼ਾਈਦੇ । * ਨੁਕਸਾਨ ।
- ਸਹੀ ਵਰਤੋਂ ਕਿਵੇਂ ? * ਸਾਰਾਂਸ਼ ।

ਜਾਂ

ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ 'ਨਸ਼ਾਖੋਰੀ' ਵਿਸ਼ੇ 'ਤੇ ਇੱਕ ਲੇਖ ਲਿਖੋ ।

ਨੁਕਤੇ-

- ਨਸ਼ਾ ਕੀ ਹੈ ? * ਨਸ਼ਾ ਕਰਨ ਦੇ ਕਾਰਨ ।
- ਨਸ਼ੇ ਦੇ ਪ੍ਰਭਾਵ । * ਉਪਾਅ ।
- ਸਾਰਾਂਸ਼ ।

੩ ਸ਼ਹਿਰ ਵਿੱਚੋਂ ਗੰਦਗੀ ਦੇ ਢੇਰ ਚਕਵਾਉਣ ਲਈ ਨਗਰ ਨਿਗਮ ਅਧਿਕਾਰੀ ਨੂੰ ਪੱਤਰ ਲਿਖੋ ।

ਨੁਕਤੇ-

* ਸ਼ਹਿਰ ਵਿੱਚ ਥਾਂ-ਥਾਂ ਗੰਦਗੀ । * ਗੰਦਗੀ ਦੇ ਢੇਰਾਂ ਤੇ ਮੱਖੀਆਂ ਤੇ ਮੱਛਰਾਂ ਦੀ ਭਰਮਾਰ ।

* ਲੋਕਾਂ ਦੀ ਸਿਹਤ 'ਤੇ ਬੁਰਾ ਅਸਰ । * ਗੰਦਗੀ ਦੇ ਢੇਰ ਚਕਵਾਉਣਾ ਜਰੂਰੀ ।

ਜਾਂ

pdfMachine
A pdf writer that produces quality PDF files with ease!
Produce quality PDF files in seconds and preserve the integrity of your original documents. Compatible across nearly all Windows platforms, if you can print from a windows application you can use pdfMachine.
Get yours now!

ਨਿੱਤ ਵਰਤੋਂ ਦੀਆਂ ਚੀਜ਼ਾਂ ਵਿੱਚ ਹੋ ਰਹੀ ਮਿਲਾਵਟ ਬਾਰੇ ਪੰਜਾਬੀ ਦੇ ਅਖ਼ਬਾਰ ਦੇ ਸੰਪਾਦਕ ਨੂੰ ਇਕ ਪੱਤਰ ਲਿਖ ਕੇ ਇਸ ਨੂੰ ਰੋਕਣ ਲਈ ਉਪਾਅ ਦੱਸੋ ।

* ਚੀਜ਼ਾ ਵਿੱਚ ਹੋ ਰਹੀ ਮਿਲਾਵਟ ।
* ਮਿਲਾਵਟ ਦੇ ਪ੍ਰਕਾਰ ।
* ਬੀਮਾਰੀਆਂ ।
* ਰੋਕਣ ਦੇ ਉਪਾਅ ।
* ਸਰਕਾਰ ਦਾ ਦਖ਼ਲ ਜਰੂਰੀ ।


ਹੋਰ ਪ੍ਰਸ਼ਨ ਪੱਤਰ ਪ੍ਰਾਪਤ ਕਰਨ ਲਈ ਸੰਪਰਕ ਕਰੋ -

ਸੁਖਜਿੰਦਰ ਸਿੰਘ ਅਤੇ ਰਕੇਸ਼ ਕੁਮਾਰ

(ਪੰਜਾਬੀ ਅਧਿਆਪਕ)

ਜਵਾਹਰ ਨਵੋਦਿਆ ਵਿਦਿਆਲਿਆ, ਤਿਉਣਾ ਪੁਜਾਰੀਆਂ (ਬਠਿੰਡਾ)

ਈ ਮੇਲ : sssukhi25@yahoo.com

rakeshjnv2004@Gmail.com



pdfMachine
A pdf writer that produces quality PDF files with ease!
Produce quality PDF files in seconds and preserve the integrity of your original documents. Compatible across nearly all Windows platforms, if you can print from a windows application you can use pdfMachine.
Get yours now!

pdfMachine
A pdf writer that produces quality PDF files with ease!
Produce quality PDF files in seconds and preserve the integrity of your original documents. Compatible across nearly all Windows platforms, if you can print from a windows application you can use pdfMachine.
Get yours now!